pstcl PUNJAB STATE TRANSMISSION CORPORATION LIMITED

**ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ**

**(ਰਜਿ:ਦਫ਼ਤਰ:ਪੀ.ਐਸ.ਈ.ਬੀ., ਹੈੱਡਆਫਿਸ, ਦੀ ਮਾਲ, ਪਟਿਆਲਾ-147001, ਪੰਜਾਬ)**

**ਕਾਰਪੋਰੇਟ ਆਇਡੈਂਟਿਟੀ ਨੰਬਰ:-** U40109PB2010SGC033814

**ਦਫਤਰ: ਉਪ ਮੁੱਖ ਇੰਜੀਨੀਅਰ/ ਐਚ.ਆਰ. ਅਤੇ ਪ੍ਰਬੰਧਕੀ, ਪੀ.ਐਸ.ਟੀ.ਸੀ.ਐਲ, ਪਟਿਆਲਾ।**

**ਟੈਲੀਫੂਨ ਨੰ:-** 0175-2970693 **email id:** se-admin@pstcl.org **ਵੈਬਸਾਈਟ** : pstcl.org

ਦਫਤਰੀ ਹੁਕਮ ਨੰ: 808 / CS- 128 ਮਿਤੀ: 8/11/23

ਜਿਵੇਂ ਕਿ ਇੰਜੀ: ਨਿਰਮਲ ਸਿੰਘ, ਵਧੀਕ ਨਿਗਰਾਨ ਇੰਜੀਨੀਅਰ (ਕੋਡ ਨੰ. 107257) ਵੱਲੋਂ ਪੀ ਤੇ ਐਮ ਮੰਡਲ-1, ਪੀ.ਐਸ.ਟੀ.ਸੀ.ਐਲ., ਮੰਡੀ ਗੋਬਿੰਦਗੜ੍ਹ ਵਿਖੇ ਬਤੌਰ ਵਧੀਕ ਨਿਗਰਾਨ ਇੰਜੀਨੀਅਰ ਆਪਣੀ ਡਿਊਟੀ ਨਿਭਾਉਂਦੇ ਹੋਏ ਕੀਤੀਆਂ ਹੇਠ ਲਿਖੀਆਂ ਅਣਗਹਿਲੀਆਂ/ ਕੁਤਾਹੀਆਂ ਕਰਕੇ ਉਸਨੂੰ ਦੋਸ਼ ਸੂਚੀ ਨੰ: 128 ਮਿਤੀ 05.04.2022 ਜਾਰੀ ਕੀਤੀ ਗਈ ਸੀ:-

*"ਜਦੋਂ ਤੁਸੀਂ (ਇੰਜੀ: ਨਿਰਮਲ ਸਿੰਘ, ਵਧੀਕ ਨਿਗਰਾਨ ਇੰਜੀਨੀਅਰ, ਆਈ.ਡੀ. ਨੰ. 107257) ਪੀ ਤੇ ਐਮ ਮੰਡਲ-1, ਮੰਡੀ ਗੋਬਿੰਦਗੜ੍ਹ ਅਧੀਨ ਪੀ ਤੇ ਐਮ ਹਲਕਾ, ਪੀ.ਐਸ.ਟੀ.ਸੀ.ਐਲ, ਲੁਧਿਆਣਾ ਵਿਖੇ ਬਤੌਰ ਵਧੀਕ ਨਿਗਰਾਨ ਇੰਜੀਨੀਅਰ ਤੈਨਾਤ ਸੀ ਤਾਂ ਤੁਹਾਡੇ ਵਲੋਂ ਆਪਣੀ ਡਿਊਟੀ ਨਿਭਾਉਂਦੇ ਹੋਏ ਹੇਠ ਲਿਖੀਆਂ ਗਲਤੀਆਂ/ਅਣਗਹਿਲੀਆਂ/ ਕੁਤਾਹੀਆਂ/ ਬੇਨਿਯਮੀਆਂ ਕੀਤੀਆਂ ਗਈਆਂ:-*

*1. ਤੁਹਾਡੇ (ਇੰਜੀ: ਨਿਰਮਲ ਸਿੰਘ, ਵਧੀਕ ਨਿਗ:ਇੰਜੀ:) ਵਲੋਂ ਮਿਤੀ 24.08.2020 ਨੂੰ ਸਵੇਰੇ ਸਪਲਾਈ ਪੁਜੀਸ਼ਨ ਦੇ ਭੇਜੇ ਗਏ ਸੰਦੇਸ਼ ਵਿੱਚ ਇਹ ਲਿਖਕੇ ਮੈਸੇਜ਼ ਭੇਜਿਆ ਗਿਆ ਕਿ ਮਿਤੀ 23.08.2020 ਦੀ ਰਾਤ ਨੂੰ ਸਬ-ਸਟੇਸ਼ਨ ਸਟਾਫ ਵਲੋਂ 220 ਕੇਵੀ ਸ/ਸ ਜੀ-1 ਯਾਰਡ ਦੀ ਪੈਟਰੋਲਿੰਗ ਦੌਰਾਨ ਕੋਈ ਵੀ ਹਾਟ ਪੁਆਇੰਟ ਨਹੀਂ ਪਾਇਆ ਗਿਆ। ਪਰ ਮਿਤੀ 24.08.2020 ਨੂੰ 11:30 ਵਜੇ ਰਾਜਪੁਰਾ ਸਰਕਟ ਨੰ. 2 ਦੇ 220 ਕੇਵੀ ਬਸਬਾਰ ਦੇ ਆਈਸੋਲੇਟਰ ਦੇ* Blue-Phase *ਉੱਪਰ* Heavy sparking *ਹੋਣ ਕਾਰਨ ਐਮਰਜੈਂਸੀ ਸ਼ਟਡਾਉਨ ਲਈ ਗਈ, ਜਿਸ ਤੋਂ ਸਾਫ ਜਾਹਿਰ ਹੁੰਦਾ ਹੈ ਕਿ ਤੁਹਾਡੇ (ਇੰਜੀ: ਨਿਰਮਲ ਸਿੰਘ) ਵਲੋਂ ਵਟਸਐਪ ਦੇ ਮੇਨ ਗਰੁੱਪ ਵਿੱਚ ਤੱਥਾਂ ਤੋਂ ਉਲਟ ਸੂਚਨਾਂ ਅਧਿਕਾਰੀਆਂ ਨਾਲ ਸਾਂਝੀ ਕੀਤੀ ਗਈ, ਜਿਸ ਲਈ ਤੁਸੀਂ ਜਿੰਮੇਵਾਰ ਹੋ।*

*2.ਮਿਤੀ 24.08.2020 ਨੂੰ 11:30 ਵਜੇ ਰਾਜਪੁਰਾ ਸਰਕਟ ਨੰ. 2 ਦੇ 220 ਕੇਵੀ ਬਸਬਾਰ ਦੇ ਆਈਸੋਲੇਟਰ ਦੀ* Poor Maintenance *ਕੀਤੀ ਹੋਣ ਕਾਰਨ ਇਸ ਦੇ* Blue-Phase *ਉੱਪਰ* Heavy spark *ਹੋ ਗਿਆ ਸੀ ਅਤੇ ਸਰਕਟ ਬੰਦ ਕਰਨਾ ਪਿਆ ਸੀ। ਤੁਹਾਡੇ ਵਲੋਂ ਮੈਨਟੀਨੈਂਸ ਦੀ ਸਹੀ ਤਰੀਕੇ ਨਾਲ ਨਜਰਸਾਨੀ ਨਾ ਕਰਨ ਲਈ ਤੁਸੀਂ ਜਿੰਮੇਵਾਰ ਹੋ।*

*3.ਨਿਗਰਾਨ ਇੰਜੀਨੀਅਰ/ ਪੀ ਤੇ ਐਮ ਹਲਕਾ, ਲੁਧਿਆਣਾ ਵਲੋਂ ਮਿਤੀ 25.08.2020 ਨੂੰ 220 ਕੇਵੀ ਸਬ-ਸਟੇਸ਼ਨ ਜੀ-1 ਦੇ ਦੌਰੇ ਦੌਰਾਨ ਦੇਖਿਆ ਕਿ 220 ਕੇਵੀ ਰਾਜਪੁਰਾ ਸਰਕਟ ਨੰ. 2 ਦੇ ਬਸਬਾਰ ਆਈਸੋਲੇਟਰ ਦਾ ਜੰਪਰ ਬਦਲਣ ਦੀ ਬਜਾਏ ਰਿਪੇਅਰ ਕਰਕੇ ਪਾਇਆ ਹੋਇਆ ਸੀ, ਜ਼ੋ ਕਿ ਸਪਲਾਈ ਬੰਦ ਰਹਿਣ ਦੇ ਬਾਵਜੂਦ ਵੀ ਬਦਲਿਆ ਨਹੀਂ ਗਿਆ ਸੀ। ਇਸੇ ਤਰਾ ਰਾਜਪੁਰਾ ਸਰਕਟ ਨੰ. 1 ਦੇ ਬਸਬਾਰ ਜੰਪਰ ਦੇ ਸਟਰੈਂਡ ਨਿਕਲੇ ਹੋਏ ਪਾਏ ਗਏ ਸਨ ਭਾਵ ਉਹ ਵੀ ਨੁਕਸਾਨਿਆ ਹੋਇਆ ਪਾਇਆ ਗਿਆ ਸੀ, ਜਿਸ ਤੋਂ ਸਿੱਧ ਹੁੰਦਾ ਹੈ ਕਿ ਤੁਹਾਡੇ ਵਲੋਂ ਮੈਨਟੀਨੈਂਸ ਦੇ ਕੰਮ ਦੀ ਨਜਰਸਾਨੀ ਕਰਨ ਵਿੱਚ ਅਣਗਹਿਲੀ ਕੀਤੀ ਗਈ, ਜਿਸ ਲਈ ਤੁਸੀਂ ਜਿੰਮੇਵਾਰ ਹੋ।*

*4.ਹਾਟ-ਲਾਈਨ ਗੈਂਗ, ਲੁਧਿਆਣਾ ਵਲੋਂ ਮਿਤੀ 13.08.2020 ਨੂੰ ਸਬ-ਸਟੇਸ਼ਨ ਜੀ-1 ਦੀ ਸਕੈਨਿੰਗ ਸਮੇਂ ਵੀ 14 ਨੰ. ਹਾਟ ਪੁਆਇੰਟ ਪਾਏ ਗਏ ਸਨ। ਜਿਨਾਂ ਵਿੱਚੋਂ 3 ਨੰ. ਹਾਟ ਪੁਆਇੰਟ 220 ਕੇਵੀ ਰਾਜਪੁਰਾ ਸਰਕਟ ਨੰ. 2 ਦੇ ਸਨ ਪਰ ਤੁਹਾਡੇ (ਇੰਜੀ: ਨਿਰਮਲ ਸਿੰਘ) ਵਲੋਂ ਇਹ ਹਾਟ ਪੁਆਇੰਟਾ ਨੂੰ ਪਹਿਲ ਦੇ ਆਧਾਰ ਤੇ ਮਿਤੀ 24.08.2020 ਤੋਂ ਪਹਿਲਾਂ ਅਟੈਂਡ ਨਹੀਂ ਕਰਵਾਏ ਗਏ ਸਨ, ਇਸ ਅਣਗਹਿਲੀ ਲਈ ਤੁਸੀਂ ਜਿੰਮੇਵਾਰ ਹੋ।*

*ਤੁਹਾਡੇ (ਇੰਜੀ: ਨਿਰਮਲ ਸਿੰਘ, ਵਧੀਕ ਨਿਗਰਾਨ ਇੰਜੀਨੀਅਰ) ਵਲੋਂ ਕੀਤੀਆਂ ਗਈਆਂ ਉਪਰੋਕਤ ਅਣਗਹਿਲੀਆਂ/ ਕੁਤਾਹੀਆਂ/ ਬੇਨਿਯਮੀਆਂ ਇਸ ਕਦਰ ਹਨ ਕਿ ਤੁਹਾਡੇ ਵਿਰੁੱਧ ਵਿਭਾਗ ਦੇ ਸਜ਼ਾ ਅਤੇ ਅਪੀਲ ਵਿਨਿਯਮ-1971 ਦੇ ਵਿਨਿਯਮ 05 (v ਤੋਂ ix) ਜ਼ੋ ਕਿ ਵਿਨਿਯਮ 08 ਨਾਲ ਪੜਿਆ ਜਾਵੇ, ਅਧੀਨ ਅਨੁਸ਼ਾਸ਼ਨੀ ਕਾਰਵਾਈ ਕਰਨ ਲਈ ਆਕਰਸ਼ਿਤ ਕਰਦੀਆਂ ਹਨ।"*

ਜਿਵੇਂ ਕਿ ਇੰਜੀ: ਨਿਰਮਲ ਸਿੰਘ, ਕੋਡ ਨੰ. 107257, ਵਧੀਕ ਨਿਗਰਾਨ ਇੰਜੀਨੀਅਰ ਵੱਲੋਂ ਸਬੰਧਤ ਦੋਸ਼ ਸੂਚੀ ਦਾ ਜਵਾਬ ਦਿਤਾ ਗਿਆ।

ਜਿਵੇਂ ਕਿ ਸਬੰਧਤ ਅਧਿਕਾਰੀ ਵੱਲੋਂ ਦਿਤੇ ਗਏ ਜਵਾਬ ਉਤੇ ਸਬੰਧਤ ਰਿਪੋਰਟਿੰਗ ਅਤੇ ਕੰਟਰੋਲਿੰਗ ਅਧਿਕਾਰੀਆਂ ਅਧਿਕਾਰੀਆਂ (i.e. ਉਪ ਮੁੱਖ ਇੰਜੀਨੀਅਰ/ ਪੀ ਤੇ ਐਮ ਹਲਕਾ, ਪੀ.ਐਸ.ਟੀ.ਸੀ.ਐਲ., ਲੁਧਿਆਣਾ ਅਤੇ ਮੁੱਖ ਇੰਜੀਨੀਅਰ/ ਪੀ ਤੇ ਐਮ, ਪੀ.ਐਸ.ਟੀ.ਸੀ.ਐਲ., ਲੁਧਿਆਣਾ) ਵਲੋਂ ਆਪਣੀਆਂ ਟਿਪਣੀਆਂ ਦਿਤੀਆ ਗਈਆਂ।

ਜਿਵੇਂ ਕਿ ਰਿਪੋਰਟਿੰਗ ਅਤੇ ਕੰਟਰੋਲਿੰਗ ਅਧਿਕਾਰੀਆਂ ਵੱਲੋਂ ਟਿਪਣੀਆਂ ਪ੍ਰਾਪਤ ਹੋਣ ਉਪਰੰਤ, ਮੁਕੰਮਲ ਕੇਸ ਨੂੰ ਸਮਰੱਥ ਅਧਿਕਾਰੀ ਸੀ.ਐਮ.ਡੀ., ਪੀ.ਐਸ.ਟੀ.ਸੀ.ਐਲ. ਜੀ ਦੇ ਸਨਮੁੱਖ ਵਿਚਾਰਨ ਅਤੇ ਅਗਲੇਰੇ ਹੁਕਮਾਂ/ ਫੈਸਲੇ ਹਿਤ ਪੇਸ਼ ਕੀਤਾ ਗਿਆ।

ਜਿਵੇਂ ਕਿ ਮੁਕੰਮਲ ਕੇਸ ਨੂੰ ਵਾਚਣ ਉਪਰੰਤ, ਸਮਰੱਥ ਅਧਿਕਾਰੀ ਜੀ ਵਲੋਂ ਮੁੱਖ ਇੰਜੀਨੀਅਰ/ ਟੀ.ਐਸ., ਪੀ.ਐਸ.ਟੀ.ਸੀ.ਐਲ., ਪਟਿਆਲਾ ਨੂੰ ਵਿਸ਼ਾ ਚਰਚਿਤ ਦੋਸ਼ ਸੂਚੀ ਵਿੱਚ ਲੱਗੇ ਦੋਸ਼ਾਂ ਦੀ ਪੜਤਾਲ ਕਰਨ ਲਈ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ ਅਤੇ ਇਸ ਸਬੰਧੀ ਇਸ ਦਫਤਰ ਵਲੋਂ ਦਫਤਰੀ ਹੁਕਮ ਨੰ. 881 ਮਿਤੀ 17.11.2022 ਜਾਰੀ ਕੀਤਾ ਗਿਆ।

ਜਿਵੇਂ ਕਿ ਇੰਨਕੁਆਰੀ ਮੁਕੰਮਲ ਕਰਨ ਉਪਰੰਤ ਇੰਨਕੁਆਰੀ ਅਫਸਰ-ਕਮ-ਮੁੱਖ ਇੰਜੀਨੀਅਰ/ ਟੀ.ਐਸ., ਪੀ.ਐਸ.ਟੀ.ਸੀ.ਐਲ., ਪਟਿਆਲਾ ਵਲੋਂ ਆਪਣੇ ਮੀਮੋ ਨੰ. 169/ਪੀ.ਐਸ./ਟੀ.ਐਸ.(File-TSG/C-268) ਮਿਤੀ 27.09.2023 ਰਾਹੀਂ ਮੁਕੰਮਲ ਇੰਨਕੁਆਰੀ ਰਿਪੋਰਟ ਇਸ ਦਫਤਰ ਵਿਖੇ ਪੇਸ਼ ਕੀਤੀ ਗਈ।

ਜਿਵੇਂ ਕਿ ਉਪਰੋਕਤ ਇੰਨਕੁਆਰੀ ਰਿਪੋਰਟ ਦੀ ਕਾਪੀ ਇਸ ਦਫਤਰ ਵੱਲੋਂ ਮਿਤੀ 10.10.2023 ਨੂੰ ਸਬੰਧਤ ਅਧਿਕਾਰੀ ਇੰਜੀ:ਨਿਰਮਲ ਸਿੰਘ, ਕੋਡ ਨੰ. 107257, ਵਧੀਕ ਨਿਗਰਾਨ ਇੰਜੀਨੀਅਰ ਨੂੰ 30 ਦਿਨਾਂ ਦਾ ਸਮਾਂ ਦਿੰਦੇ ਹੋਏ ਪ੍ਰਤੀਵੇਦਨਾ (Rebuttal) ਲਈ ਭੇਜੀ ਗਈ।

ਜਿਵੇਂ ਕਿ ਸਬੰਧਤ ਅਧਿਕਾਰੀ ਇੰਜੀ: ਨਿਰਮਲ ਸਿੰਘ, ਕੋਡ ਨੰ. 107257, ਵਧੀਕ ਨਿਗਰਾਨ ਇੰਜੀਨੀਅਰ ਤੋਂ ਰਿਬੱਟਲ ਪ੍ਰਾਪਤ ਹੋਣ ਉਪਰੰਤ, ਮੁਕੰਮਲ ਸੰਕਲਿਤ ਕੇਸ ਨੂੰ ਸਮਰੱਥ ਅਧਿਕਾਰੀ ਜੀ ਦੇ ਸਨਮੁੱਖ ਵਿਚਾਰਨ ਅਤੇ ਅਗਲੇਰੇ ਹੁਕਮਾਂ/ ਫੈਸਲੇ ਹਿਤ ਪੇਸ਼ ਕੀਤਾ ਗਿਆ।

ਜਿਵੇਂ ਕਿ ਮੁਕੰਮਲ ਕੇਸ ਨੂੰ ਵਾਚਣ ਉਪਰੰਤ, ਸਮਰੱਥ ਅਧਿਕਾਰੀ ਜੀ ਵੱਲੋਂ ਦੋਸ਼ ਸੂਚੀ ਨੰ: 128 ਮਿਤੀ 05.04.2022 ਸਬੰਧੀ ਹੇਠ ਲਿਖੇ ਅਨੁਸਾਰ ਫੈਸਲਾ ਦਿਤਾ ਗਿਆ:-

| | |
|---|---|
| Er. Nirmal Singh, Addl. SE, Code no: 107257 | The concerned officer may be advised to be more careful and diligent in future |

ਇਸ ਲਈ, ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ, ਇੰਜੀ: ਨਿਰਮਲ ਸਿੰਘ, ਕੋਡ ਨੰ. 107257, ਵਧੀਕ ਨਿਗਰਾਨ ਇੰਜੀਨੀਅਰ ਨੂੰ ਜਾਰੀ ਕੀਤੀ ਗਈ ਦੋਸ਼ ਸੂਚੀ ਨੰ: 128 ਮਿਤੀ 05.04.2022 ਦੇ ਸਬੰਧ ਵਿੱਚ ਭਵਿੱਖ ਵਿੱਚ ਹੋਰ careful ਅਤੇ diligent ਰਹਿਣ ਹਿਤ ਨਸੀਹਤ ਪੱਤਰ ਜਾਰੀ ਕਰਦਾ ਹੈ।

ਇਹ ਸਮਰੱਥ ਅਧਿਕਾਰੀ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

8/11/2023

ਉਪ ਮੁੱਖ ਇੰਜੀਨੀਅਰ/ ਐਚ.ਆਰ. ਤੇ ਪ੍ਰਬੰਧਕੀ,
ਪੀ.ਐਸ.ਟੀ.ਸੀ.ਐਲ, ਪਟਿਆਲਾ।

ਪਿੱਠ ਅੰਕਣ ਨੰ: 15487-15508 / CS- 128 ਮਿਤੀ: 8/11/23

ਉਪਰੋਕਤ ਦਾ ਉਤਾਰਾ ਹੇਠ ਦਰਸਾਏ ਦਫਤਰਾਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ:-

1) ਪ੍ਰਮੁੱਖ ਇੰਜੀਨੀਅਰ/ ਪੀ ਤੇ ਐਮ., ਪੀ.ਐਸ.ਟੀ.ਸੀ.ਐਲ, ਲੁਧਿਆਣਾ।
2) ਮੁੱਖ ਇੰਜੀਨੀਅਰ/ ਐਸ.ਐਲ.ਡੀ.ਸੀ., ਪੀ.ਐਸ.ਟੀ.ਸੀ.ਐਲ, ਅਬਲੋਵਾਲ, ਪਟਿਆਲਾ।
3) ਮੁੱਖ ਇੰਜੀਨੀਅਰ/ ਟੀ.ਐਸ, ਪੀ.ਐਸ.ਟੀ.ਸੀ.ਐਲ, ਪਟਿਆਲਾ ਜੀ।
4) ਮੁੱਖ ਇੰਜੀਨੀਅਰ/ ਐਚ.ਆਰ.ਡੀ, ਪੀ.ਐਸ.ਪੀ.ਸੀ.ਐਲ, ਪਟਿਆਲਾ।
5) ਉਪ ਮੁੱਖ ਇੰਜੀਨੀਅਰ/ ਟੈਕਨੀਕਲ ਆਡਿਟ, ਪੀ.ਐਸ.ਟੀ.ਸੀ.ਐਲ.,ਪਟਿਆਲਾ।
6) ਉਪ ਮੁੱਖ ਇੰਜੀਨੀਅਰ/ ਤਕਨੀਕੀ, ਪੀ.ਐਸ.ਪੀ.ਸੀ.ਐਲ, ਪਟਿਆਲਾ।
7) ਉਪ ਮੁੱਖ ਇੰਜੀਨੀਅਰ/ ਪੀ ਤੇ ਐਮ ਹਲਕਾ, ਪੀ.ਐਸ.ਟੀ.ਸੀ.ਐਲ, ਲੁਧਿਆਣਾ ਨੂੰ 1 ਨੰ: ਵਾਧੂ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇੰਜੀ: ਨਿਰਮਲ ਸਿੰਘ, ਕੋਡ ਨੰ. 107257, ਵਧੀਕ ਨਿਗਰਾਨ ਇੰਜੀਨੀਅਰ ਨੂੰ ਵਾਧੂ ਕਾਪੀ ਸੌਂਪ ਕੇ ਉਸ ਦੀ ਪ੍ਰਾਪਤੀ ਰਸੀਦ, ਪ੍ਰਤੀ ਹਸਤਾਖਰ ਕਰਕੇ ਇਸ ਦਫਤਰ ਨੂੰ ਤੁਰੰਤ ਭੇਜਣੀ ਯਕੀਨੀ ਬਣਾਈਆ ਜਾਵੇ ਜੀ।
8) ਸੰਯੁਕਤ ਸਕੱਤਰ/ ਸੇਵਾਵਾਂ-1, ਪੀ.ਐਸ.ਪੀ.ਸੀ.ਐਲ, ਪਟਿਆਲਾ।
9) ਸੰਯੁਕਤ ਸਕੱਤਰ/ ਸੇਵਾਵਾਂ-3, ਪੀ.ਐਸ.ਪੀ.ਸੀ.ਐਲ, ਪਟਿਆਲਾ।
10) ਉਪ ਸਕੱਤਰ/ ਅਮਲਾ, ਪੀ.ਐਸ.ਟੀ.ਸੀ.ਐਲ., ਪਟਿਆਲਾ।
11) ਵਧੀਕ ਨਿਗਰਾਨ ਇੰਜੀਨੀਅਰ/ ਪੀ ਤੇ ਐਮ ਮੰਡਲ-1, ਪੀ.ਐਸ.ਟੀ.ਸੀ.ਐਲ., ਮੰਡੀ ਗੋਬਿੰਦਗੜ।

ਰਜਿਸਟਰਡ

12) ਵਧੀਕ ਨਿਗਰਾਨ ਇੰਜੀਨੀਅਰ/ ਟੀ.ਐਸ. (ਵਰਕਸ)
(ਦਫਤਰ: ਮੁੱਖ ਇੰਜੀਨੀਅਰ/ ਟੀ.ਐਸ, ਪੀ.ਐਸ.ਟੀ.ਸੀ.ਐਲ, ਪਟਿਆਲਾ)
13) ਸੀਨੀ:ਕਾ:ਕਾ:ਇੰਜੀ:/ ਪ੍ਰਸੋਨਲ, ਪੀ.ਐਸ.ਟੀ.ਸੀ.ਐਲ, ਪਟਿਆਲਾ।
14) ਸੀਨੀ:ਕਾ:ਕਾ:ਇੰਜੀ:/ ਐਸ.ਐਲ.ਡੀ.ਸੀ. (ਵਰਕਸ), ਪੀ.ਐਸ.ਟੀ.ਸੀ.ਐਲ, ਅਬਲੋਵਾਲ, ਪਟਿਆਲਾ।
15) ਡਿਪਟੀ ਮੈਨੇਜਰ/ ਗੁਪਤ ਗਜਟੀ ਭਾਗ, ਪੀ.ਐਸ.ਪੀ.ਸੀ.ਐਲ, ਪਟਿਆਲਾ।
16) ਲੇਖਾ ਅਫਸਰ/ ਤਨਖਾਹ ਤੇ ਲੇਖਾ, ਪੀ.ਐਸ.ਟੀ.ਸੀ.ਐਲ, ਪਟਿਆਲਾ।
17) ਲੇਖਾ ਅਫਸਰ/ ਤਨਖਾਹ ਤੇ ਲੇਖਾ, ਪੀ.ਐਸ.ਪੀ.ਸੀ.ਐਲ, ਪਟਿਆਲਾ।

ਰਜਿਸਟਰਡ

18) ਇੰਜੀ: ਨਿਰਮਲ ਸਿੰਘ, (ਕੋਡ ਨੰ. 107257), ਵਧੀਕ ਨਿਗਰਾਨ ਇੰਜੀਨੀਅਰ, ਪੁੱਤਰ ਸ਼੍ਰੀ ਜੋਗਿੰਦਰ ਸਿੰਘ, ਦਫਤਰ: ਵੰਡ ਹਲਕਾ, ਪੀ.ਐਸ.ਪੀ.ਸੀ.ਐਲ, ਨਵਾਂ ਸ਼ਹਿਰ, ਪਿੰਨ ਕੋਡ 144514

ਨੱਥੀ/ ਉਪਰੋਕਤ ਅਨੁਸਾਰ
(ਲੜੀ ਨੰ. 7 ਲਈ)

8/1/2023

ਉਪ ਮੁੱਖ ਇੰਜੀਨੀਅਰ/ ਐਚ.ਆਰ. ਤੇ ਪ੍ਰਬੰਧਕੀ,
ਪੀ.ਐਸ.ਟੀ.ਸੀ.ਐਲ, ਪਟਿਆਲਾ।

ਸੀ.ਸੀ.

1) ਸੀਨੀ: ਨਿੱਜੀ ਸਕੱਤਰ ਟੂ ਮਾਨਯੋਗ ਸੀ.ਐਮ.ਡੀ, ਪੀ.ਐਸ.ਟੀ.ਸੀ.ਐਲ, ਪਟਿਆਲਾ ਜੀ।
2) ਸੀਨੀ: ਨਿੱਜੀ ਸਕੱਤਰ ਟੂ ਮਾਨਯੋਗ ਸੀ.ਐਮ.ਡੀ, ਪੀ.ਐਸ.ਪੀ.ਸੀ.ਐਲ, ਪਟਿਆਲਾ ਜੀ।
3) ਸੀਨੀ: ਨਿੱਜੀ ਸਕੱਤਰ ਟੂ ਮਾਨਯੋਗ ਡਾਇਰੈਕਟਰ/ ਪ੍ਰਬੰਧਕੀ, ਪੀ.ਐਸ.ਟੀ.ਸੀ.ਐਲ, ਪਟਿਆਲਾ ਜੀ।
4) ਸੀਨੀ: ਨਿੱਜੀ ਸਕੱਤਰ ਟੂ ਮਾਨਯੋਗ ਡਾਇਰੈਕਟਰ/ ਟੈਕਨੀਕਲ, ਪੀ.ਐਸ.ਟੀ.ਸੀ.ਐਲ, ਪਟਿਆਲਾ ਜੀ।